ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355
Personal Loan Business Loan Home Line of Credit 905-965-4644
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 905-450-5600

ਬਦਰੀਨਾਥ ਤੇ ਕੇਦਾਰਨਾਥ ਮੰਦਰਾਂ 'ਚ ਗ਼ੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਦੀ ਤਿਆਰੀ

ਦੇਹਰਾਦੂਨ: ਬਦਰੀਨਾਥ, ਕੇਦਾਰਨਾਥ ਅਤੇ ਗੰਗੋਤਰੀ ਮੰਦਰਾਂ 'ਚ ਗ਼ੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਲੱਗ ਸਕਦੀ ਹੈ ਜਿਸ ਸਬੰਧੀ ਪ੍ਰਸਤਾਵ ਨੂੰ ਇਸ ਹਫ਼ਤੇ ਦੇ ਅੰਤ 'ਚ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ। ਇੱਕ ਮੰਦਰ ਕਮੇਟੀ ਦੇ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਸਾਰੀਆਂ ਧਿਰਾਂ ਨੇ ਸਹਿਮਤੀ ਜਤਾ ਦਿੱਤੀ ਹੈ।

ਹਾਲਾਂਕਿ ਚਾਰ ਪਵਿੱਤਰ ਸਥਾਨਾਂ 'ਚੋਂ ਇੱਕ ਯਮੁਨੋਤਰੀ ਮੰਦਰ ਕਮੇਟੀ ਨੇ ਹਾਲੇ ਤਕ ਇਸ ਮਾਮਲੇ 'ਤੇ ਕੋਈ ਫ਼ੈਸਲਾ ਨਹੀਂ। ਬਦਰੀਨਾਥ ਕੇਦਾਰਨਾਥ ਮੰਦਰ ਕਮੇਟੀ ਦੇ ਚੇਅਰਮੈਨ ਹੇਮੰਤ ਦਿਵੇਦੀ ਨੇ ਦੱਸਿਆ ਕਿ ਕਮੇਟੀ ਨੇ ਮੰਦਰ ਖੇਤਰਾਂ 'ਚ ਗ਼ੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਬਾਰੇ ਸੰਤਾਂ, ਤੀਰਥ ਪੁਜਾਰੀਆਂ ਅਤੇ ਸਥਾਨਕ ਲੋਕਾਂ ਸਮੇਤ ਸਾਰੇ ਹਿੱਸੇਦਾਰਾਂ ਵਿਚਕਾਰ ਸਹਿਮਤੀ ਬਣਾ ਲਈ ਹੈ। ਗੰਗੋਤਰੀ ਮੰਦਰ ਕਮੇਟੀ ਪਹਿਲਾਂ ਹੀ ਆਪਣਾ ਫ਼ੈਸਲਾ ਲੈ ਚੁੱਕੀ ਹੈ।

ਦਿਵੇਦੀ ਨੇ ਕਿਹਾ, "ਇਸ ਪ੍ਰਸਤਾਵ ਨੂੰ ਇਸ ਹਫ਼ਤੇ ਦੇ ਅੰਤ 'ਚ ਮੰਦਰ ਕਮੇਟੀ ਬੋਰਡ ਦੀ ਮੀਟਿੰਗ 'ਚ ਰਸਮੀ ਤੌਰ 'ਤੇ ਮਨਜ਼ੂਰੀ ਦਿੱਤੀ ਜਾਵੇਗੀ ਜਿਸ ਤੋਂ ਬਾਅਦ ਇਹ ਨਿਯਮ ਬਦਰੀਨਾਥ ਅਤੇ ਕੇਦਾਰਨਾਥ ਮੰਦਰਾਂ 'ਤੇ ਲਾਗੂ ਹੋਵੇਗਾ। ਗ਼ੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਆਦਿ ਸ਼ੰਕਰਾਚਾਰੀਆ ਦੇ ਸਮੇਂ ਤੋਂ ਹੀ ਹੈ, ਅਤੇ ਸਾਡਾ ਸੰਵਿਧਾਨ ਸਾਨੂੰ ਆਪਣੇ ਧਾਰਮਿਕ ਸਥਾਨਾਂ ਦਾ ਪ੍ਰਬੰਧਨ ਕਰਨ ਦਾ ਅਧਿਕਾਰ ਵੀ ਦਿੰਦਾ ਹੈ।"

ਭਾਰਤ ਅਤੇ EU ਵਿਚਾਲੇ ਇਤਿਹਾਸਕ ਸਮਝੌਤੇ ਮਗਰੋਂ ਬੀਅਰ, ਸ਼ਰਾਬ, ਕਾਰਾਂ ਅਤੇ ਮੈਡੀਕਲ ਉਤਪਾਦ ਹੋਣਗੇ ਸਸਤੇ

ਨਵੀਂ ਦਿੱਲੀ: ਭਾਰਤ ਤੇ ਯੌਰਪੀ ਸੰਘ (EU) ਨੇ 18 ਸਾਲਾਂ ਦੀ ਲੰਬੀ ਉਡੀਕ ਤੋਂ ਬਾਅਦ ਇੱਕ ਇਤਿਹਾਸਕ ਫ੍ਰੀ ਟਰੇਡ ਡੀਲ 'ਤੇ ਮੋਹਰ ਲਗਾ ਦਿੱਤੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਨੂੰ ਮਦਰ ਔਫ਼ ਆਲ ਡੀਲਜ਼ ਕਰਾਰ ਦਿੱਤਾ ਹੈ। ਇਸ ਸਮਝੌਤੇ ਨਾਲ ਭਾਰਤ ਦੀ ਚੀਨ ਤੇ ਅਮਰੀਕਾ 'ਤੇ ਨਿਰਭਰਤਾ ਘਟੇਗੀ, ਅਤੇ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ 'ਚ ਨਵਾਂ ਅਧਿਆਏ ਸ਼ੁਰੂ ਹੋਵੇਗਾ।

ਸਮਝੌਤੇ ਦੇ ਤਹਿਤ, ਯੌਰਪੀ ਸੰਘ ਤੋਂ ਭਾਰਤ ਆਉਣ ਵਾਲੀਆਂ 90 ਫ਼ੀਸਦੀ ਤੋਂ ਵੱਧ ਵਸਤੂਆਂ 'ਤੇ ਟੈਰਿਫ਼ਸ (ਡਿਊਟੀ) ਜਾਂ ਤਾਂ ਖ਼ਤਮ ਕਰ ਦਿੱਤੇ ਗਏ ਹਨ ਜਾਂ ਬਹੁਤ ਘਟਾਏ ਗਏ ਹਨ। ਇਸ ਦਾ ਸਿੱਧਾ ਅਸਰ ਕੀਮਤਾਂ 'ਤੇ ਪਵੇਗਾ।

ਲਗਜ਼ਰੀ ਕਾਰਾਂ ਅਤੇ ਵਾਹਨ: ਕਾਰਾਂ ਅਤੇ ਕਾਮਰਸ਼ਲ ਵਾਹਨਾਂ 'ਤੇ ਲੱਗਣ ਵਾਲੀ 110 ਫ਼ੀਸਦੀ ਡਿਊਟੀ ਨੂੰ ਘਟਾ ਕੇ ਹੁਣ ਸਿਰਫ਼ 10 ਫ਼ੀਸਦੀ ਕਰ ਦਿੱਤਾ ਗਿਆ ਹੈ।

ਸ਼ਰਾਬ ਤੇ ਬੀਅਰ: ਬੀਅਰ 'ਤੇ ਟੈਰਿਫ਼ਸ ਘਟਾ ਕੇ 50 ਫ਼ੀਸਦੀ ਅਤੇ ਵਾਈਨ 'ਤੇ ਲੱਗਣ ਵਾਲੇ ਟੈਕਸ 'ਚ 40 ਫ਼ੀਸਦੀ ਦੀ ਕਟੌਤੀ ਕੀਤੀ ਗਈ ਹੈ।

ਖਾਣ-ਪੀਣ ਦੀਆਂ ਚੀਜ਼ਾਂ: ਜੈਤੂਨ ਦਾ ਤੇਲ, ਵਨਸਪਤੀ ਤੇਲ, ਫ਼ਲਾਂ ਦੇ ਜੂਸ ਤੇ ਪ੍ਰੌਸੈੱਸਡ ਫੂਡ 'ਤੇ ਲੱਗਣ ਵਾਲੀ ਡਿਊਟੀ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ ਹੈ।

ਦਵਾਈਆਂ ਤੇ ਮਸ਼ੀਨਰੀ: ਦਵਾਈਆਂ ਅਤੇ ਮੈਡੀਕਲ ਉਤਪਾਦਾਂ 'ਤੇ 11 ਫ਼ੀਸਦੀ, ਕੈਮੀਕਲਜ਼ 'ਤੇ 22 ਫ਼ੀਸਦੀ ਅਤੇ ਮਸ਼ੀਨਰੀ 'ਤੇ 44 ਫ਼ੀਸਦੀ ਤਕ ਲੱਗਣ ਵਾਲੇ ਟੈਕਸਾਂ ਨੂੰ ਲਗਭਗ ਖ਼ਤਮ ਕਰ ਦਿੱਤਾ ਗਿਆ ਹੈ।

ਹਵਾਈ ਜਹਾਜ਼: ਏਅਰਕ੍ਰਾਫ਼ਟ ਅਤੇ ਸਪੇਸਕ੍ਰਾਫ਼ਟ 'ਤੇ ਟੈਰਿਫ਼ ਹੁਣ ਸਿਫ਼ਰ ਯਾਨੀ ਕਿ ਜ਼ੀਰੋ ਹੋ ਜਾਵੇਗਾ।

ਰੁਜ਼ਗਾਰ ਦੇ ਖੁੱਲ੍ਹਣਗੇ ਨਵੇਂ ਰਾਹ: ਇਸ ਡੀਲ ਨਾਲ ਭਾਰਤ 'ਚ ਲੱਖਾਂ ਲੋਕਾਂ ਨੂੰ ਡਾਇਰੈਕਟ ਤੇ ਇਨਡਾਇਰੈਕਟ ਰੁਜ਼ਗਾਰ ਮਿਲਣ ਦੀ ਉਮੀਦ ਹੈ। ਮਾਹਿਰਾਂ ਅਨੁਸਾਰ 2032 ਤਕ ਯੌਰਪੀ ਸੰਘ ਤੋਂ ਭਾਰਤ ਨੂੰ ਹੋਣ ਵਾਲਾ ਨਿਰਯਾਤ ਦੁੱਗਣਾ ਹੋ ਸਕਦਾ ਹੈ। ਛੋਟੀਆਂ ਕੰਪਨੀਆਂ ਨੂੰ ਵੀ ਇਸ ਨਾਲ ਮਜ਼ਬੂਤੀ ਮਿਲੇਗੀ।

ਯੂਰਪੀ ਸੰਘ ਨੇ ਭਾਰਤ 'ਚ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ 'ਚ ਮਦਦ ਕਰਨ ਲਈ ਅਗਲੇ ਦੋ ਸਾਲਾਂ 'ਚ 500 ਮਿਲੀਅਨ ਯੂਰੋ ਦੀ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਟ੍ਰੇਡਮਾਰਕ, ਡਿਜ਼ਾਇਨ ਅਤੇ ਕੌਪੀਰਾਈਟ ਦੀ ਸੁਰੱਖਿਆ ਲਈ ਸਖ਼ਤ ਨਿਯਮ ਲਾਗੂ ਕੀਤੇ ਜਾਣਗੇ।

ਇਹ ਸਮਝੌਤਾ ਨਾ ਸਿਰਫ਼ ਵਪਾਰੀਆਂ ਲਈ ਬਲਕਿ ਆਮ ਖਪਤਕਾਰਾਂ ਲਈ ਵੀ ਖੁਸ਼ਖਬਰੀ ਲੈ ਕੇ ਆਇਆ ਹੈ ਕਿਉਂਕਿ ਰੋਜ਼ਾਨਾ ਵਰਤੋਂ ਦੀਆਂ ਕਈ ਵਿਦੇਸ਼ੀ ਚੀਜ਼ਾਂ ਹੁਣ ਸਸਤੀਆਂ ਹੋ ਜਾਣਗੀਆਂ।

ਲੀਗਲ ਸੇਵਾਵਾਂ 905-913-2355
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਵਕੀਲ ਦੀ ਲੋੜ ? 905-362-0755

ਭਾਰਤੀਆਂ ਪ੍ਰਤੀ ਨਫ਼ਰਤ 'ਚ ਮਸਕ ਨੇ ਟਰੰਪ ਨੂੰ ਛੱਡਿਆ ਪਿੱਛੇ

ਨਿਊ ਯੌਰਕ: ਦੁਨੀਆਂ ਦੇ ਸਭ ਤੋਂ ਮਸ਼ਹੂਰ ਉਦਯੋਗਪਤੀਆਂ 'ਚੋਂ ਇੱਕ, ਈਲੌਨ ਮਸਕ, ਦੁਆਰਾ ਪੈਦਾ ਕੀਤਾ ਗਿਆ ਵਿਵਾਦ ਪੂਰੇ ਸੋਸ਼ਲ ਮੀਡੀਆ ਨੂੰ ਹੈਰਾਨ ਕਰ ਰਿਹਾ ਹੈ। ਟੈੱਸਲਾ, ਸਪੇਸਐੱਕਸ, ਅਤੇ ਮਾਈਕ੍ਰੋਬਲੌਗਿੰਗ ਸਾਈਟ X ਦੇ ਮਾਲਕ ਈਲੌਨ ਮਸਕ ਇੱਕ ਵਾਰ ਫ਼ਿਰ ਵਿਵਾਦਾਂ 'ਚ ਘਿਰ ਗਏ ਹਨ। ਸੋਸ਼ਲ ਮੀਡੀਆ ਪਲੈਟਫ਼ੌਰਮ X 'ਤੇ ਇੱਕ ਵਾਇਰਲ ਪੋਸਟ 'ਚ ਮਸਕ 'ਤੇ ਮੇਕ ਅਮੈਰੀਕਾ ਗ੍ਰੇਟ ਅਗੇਨ ਦੀ ਬਜਾਏ ਵ੍ਹਾਈਟ ਅਮੈਰੀਕਾ ਗ੍ਰੇਟ ਅਗੇਨ ਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਗਿਆ ਹੈ।

ਦਰਅਸਲ ਈਲੌਨ ਮਸਕ ਨੇ ਆਪਣੇ ਐਕਾਊਂਟ 'ਤੇ ਇੱਕ ਪੋਸਟ ਪੋਸਟ ਕੀਤੀ ਜਿਸ 'ਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਦੁਨੀਆਂ ਭਰ 'ਚ ਗੋਰਿਆਂ ਦੀ ਆਬਾਦੀ ਤੇਜ਼ੀ ਨਾਲ ਘੱਟ ਰਹੀ ਹੈ। ਇਹ ਵਿਸ਼ਵ-ਵਿਆਪੀ ਆਬਾਦੀ 'ਚ ਸਭ ਤੋਂ ਤੇਜ਼ੀ ਨਾਲ ਘਟਣ ਵਾਲੀ ਨਸਲ ਹੈ। ਆਪਣੀ ਗੱਲ ਦੀ ਪੁਸ਼ਟੀ ਕਰਨ ਲਈ ਉਸ ਨੇ ਇੱਕ ਪੋਸਟ ਵੀ ਸਾਂਝੀ ਕੀਤੀ ਜਿਸ 'ਚ ਕਿਹਾ ਗਿਆ ਸੀ ਕਿ 1900 'ਚ ਗੋਰਿਆਂ ਦੀ ਆਬਾਦੀ 36 ਪ੍ਰਤੀਸ਼ਤ ਸੀ, ਅਤੇ ਹੁਣ ਇਹ ਘੱਟ ਕੇ ਅੱਠ ਪ੍ਰਤੀਸ਼ਤ ਹੋ ਗਈ ਹੈ।

ਮਸਕ ਦੀ ਪੋਸਟ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ। ਇੱਕ ਭਾਰਤੀ ਅਮਰੀਕੀ ਅਰਬਪਤੀ ਵਿਨੋਦ ਖੋਸਲਾ ਨੇ ਟਰੰਪ ਦੀ ਪੋਸਟ ਬਾਰੇ X 'ਤੇ ਲਿਖਿਆ, "ਈਲੌਨ ਮਸਕ ਦਾ ਏਜੰਡਾ ਸਿਰਫ਼ ਗੋਰਿਆਂ ਲਈ ਅਮਰੀਕਾ ਨੂੰ ਮਹਾਨ ਬਣਾਉਣ ਦੀ ਮਾਨਸਿਕਤਾ 'ਚ ਜੜ੍ਹਿਆ ਹੋਇਆ ਹੈ, ਅਤੇ ਉਹ ਨਸਲਵਾਦ ਨੂੰ ਇੱਕ ਸਵੀਕਾਰਯੋਗ ਵਿਚਾਰਧਾਰਾ ਵਜੋਂ ਪੇਸ਼ ਕਰ ਰਿਹਾ ਹੈ।" ਬਿਆਨ 'ਚ ਮਸਕ ਦੀ ਅਗਵਾਈ ਵਾਲੀਆਂ ਕੰਪਨੀਆਂ ਟੈੱਸਲਾ, ਸਪੇਸਐੱਕਸ, ਅਤੇ X 'ਚ ਕੰਮ ਕਰਨ ਵਾਲੇ ਗ਼ੈਰ-ਗੋਰੇ ਕਰਮਚਾਰੀਆਂ ਅਤੇ ਨਸਲਵਾਦ ਦਾ ਵਿਰੋਧ ਕਰਨ ਵਾਲੇ ਗੋਰੇ ਕਰਮਚਾਰੀਆਂ ਨੂੰ ਇਨ੍ਹਾਂ ਕੰਪਨੀਆਂ ਨੂੰ ਛੱਡਣ ਲਈ ਵੀ ਕਿਹਾ ਗਿਆ ਹੈ।

12 Beds, 7 Baths For 24 Guests 905-965-4644

ਪਾਕਿ 'ਚ ਫ਼ਸੀ ਸਿੱਖ ਔਰਤ 'ਤੇ ਦਰਜ ਹੋਵੇਗਾ ਨਵਾਂ ਮਾਮਲਾ

ਲਾਹੌਰ: ਵਿਆਹ ਕਰਵਾਉਣ ਲਈ ਭਾਰਤ ਤੋਂ ਧਾਰਮਿਕ ਯਾਤਰਾ 'ਤੇ ਪਾਕਿਸਤਾਨ ਗਈ ਭਾਰਤੀ ਨਾਗਰਿਕ ਸਰਬਜੀਤ ਕੌਰ ਦੀਆਂ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਇਮੀਗ੍ਰੇਸ਼ਨ ਨਿਯਮਾਂ ਅਤੇ ਪਾਕਿਸਤਾਨੀ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ 'ਚ ਪਾਕਿਸਤਾਨੀ ਜੇਲ੍ਹ 'ਚ ਬੰਦ ਸਰਬਜੀਤ ਕੌਰ ਵਿਰੁੱਧ ਇੱਕ ਨਵੀਂ FIR ਦਰਜ ਕੀਤੀ ਜਾ ਸਕਦੀ ਹੈ। ਇਸ ਨਾਲ ਸਬੰਧਤ ਇੱਕ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਲਾਹੌਰ ਸੈਸ਼ਨ ਕੋਰਟ ਨੇ ਪਾਕਿਸਤਾਨ ਦੀ ਸੰਘੀ ਜਾਂਚ ਏਜੰਸੀ (FIA) ਤੋਂ ਰਿਪੋਰਟ ਤਲਬ ਕੀਤੀ ਹੈ।

ਸਰਹੱਦ ਪਾਰ ਦੇ ਸੂਤਰਾਂ ਅਨੁਸਾਰ ਅਦਾਲਤ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਹਿੰਦਰ ਪਾਲ ਸਿੰਘ ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ FIA ਤੋਂ ਰਿਪੋਰਟ ਮੰਗੀ ਹੈ। ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਸਰਬਜੀਤ ਕੌਰ ਪਿਛਲੇ ਸਾਲ ਨਵੰਬਰ ਦੇ ਸ਼ੁਰੂ 'ਚ ਸਿੱਖ ਤੀਰਥ ਯਾਤਰਾ ਵੀਜ਼ੇ 'ਤੇ ਪਾਕਿਸਤਾਨ ਪਹੁੰਚੀ ਸੀ। ਉਹ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਦੇ ਹੋਏ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਉੱਥੇ ਰਹੀ। ਇਹ ਵੀ ਸ਼ੱਕ ਹੈ ਕਿ ਇੱਕ ਭਾਰਤੀ ਖ਼ੁਫ਼ੀਆ ਏਜੰਸੀ ਨੇ ਸਰਬਜੀਤ ਕੌਰ ਨੂੰ ਜਾਸੂਸੀ ਲਈ ਪਾਕਿਸਤਾਨ ਭੇਜਿਆ ਸੀ। ਇੱਕ ਨਵੀਂ FIR ਦਰਜ ਕੀਤੀ ਜਾਣੀ ਚਾਹੀਦੀ ਹੈ ਅਤੇ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700